# ਰਾਜ ਜਲ ਸਰੋਤ ਨਿਯੰਤਰਣ ਬੋਰਡ

ਅਕਤੂਬਰ 5, 2024

«OWNER_FIRST» «OWNER_LAST»
«CO» «CARE_OF»
«ADDRESS» «UNIT» «UNIT_NUMBER»
«CITY», «STATE» «ZIP»«Dash»«ZIP4»
**USPS Certified Mail No.:**

**ਦੀਰਘਕਾਲਕ ਧਰਤੀ ਹੇਠਲੇ ਪਾਣੀ ਪ੍ਰਬੰਧਨ ਐਕਟ (SGMA) ਤਹਿਤ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਦੀ ਰਿਪੋਰਟ ਕਰਨ ਦੀਆਂ ਸ਼ਰਤਾਂ ਨੂੰ ਹਟਾਉਣ ਸੰਬੰਧੀ ਸੂਚਨਾ-ਪੱਤਰ**

***Contact us to request information in your language:***
***bit.ly/LanguageAccessForm | sgma@waterboards.ca.gov***
***Entre em contato conosco para solicitar informações no seu idioma.***
***Makipag-ugnayan sa amin para humiling ng impormasyon sa iyong wika.***
*ਆਪਣੀ ਭਾਸ਼ਾ ਵਿੱਚ ਜਾਣਕਾਰੀ ਪ੍ਰਾਪਤ ਕਰਨ ਲਈ ਸਾਡੇ ਨਾਲ ਸੰਪਰਕ ਕਰੋ।*

**ਇਹ ਪੱਤਰ ਤੁਹਾਨੂੰ ਸੂਚਿਤ ਕਰਨ ਲਈ ਹੈ ਕਿ ਜੇ ਤੁਸੀਂ ਇਸ ਪੱਤਰ ਵਿੱਚ ਵਰਣਨ ਕੀਤੇ ਮਾਪਦੰਡਾਂ ਨੂੰ ਪੂਰਾ ਕਰਦੇ ਹੋ ਤਾਂ ਤੁਹਾਨੂੰ ਡੇਲਾਨੋ-ਅਰਲੀਮਾਰਟ ਸਿੰਚਾਈ ਜ਼ਿਲ੍ਹਾ ਧਰਤੀ ਹੇਠਲੇ ਪਾਣੀ ਦੀਰਘਕਾਲਕ ਏਜੰਸੀ (Delano-Earlimart Irrigation District Groundwater Sustainability Agency) ਜਾਂ ਕੇਰਨ-ਟੂਲਾਰੇ ਜਲ ਜ਼ਿਲ੍ਹਾ ਧਰਤੀ ਹੇਠਲੇ ਪਾਣੀ ਦੀਰਘਕਾਲਕ ਏਜੰਸੀ (Kern-Tulare Water District Groundwater Sustainability Agency) ਤੋਂ ਕੱਢੇ ਗਏ ਧਰਤੀ ਹੇਠਲੇ ਪਾਣੀ ਦੀ ਨਿਕਾਸੀ ਦੀ ਰਿਪੋਰਟ ਕਰਨ ਅਤੇ ਸੰਬੰਧਿਤ ਫੀਸਾਂ ਦਾ ਭੁਗਤਾਨ, ਰਾਜ ਜਲ ਸਰੋਤ ਨਿਯੰਤਰਣ ਬੋਰਡ (ਰਾਜ ਜਲ ਬੋਰਡ) ਨੂੰ ਕਰਨ ਦੀ ਲੋੜ ਨਹੀਂ ਹੈ। ਇਹ ਸੂਚਨਾ-ਪੱਤਰ ਰਾਜ ਜਲ ਬੋਰਡ ਦੇ 17 ਸਤੰਬਰ, 2024 ਦੇ ਫੈਸਲੇ ਦੀ ਵਿਆਖਿਆ ਕਰਦਾ ਹੈ ਜਿਸ ਵਿੱਚ ਤੁਹਾਡੇ ਰਾਹੀਂ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਦੀ ਰਿਪੋਰਟ ਕਰਨ ਅਤੇ ਫੀਸ ਦੇ ਭੁਗਤਾਨ ਦੀਆਂ ਸ਼ਰਤਾਂ ਨੂੰ ਹਟਾਇਆ ਗਿਆ ਹੈ।**

## ਇਸ ਸੂਚਨਾ-ਪੱਤਰ ਦਾ ਉਦੇਸ਼

ਇਹ ਸੂਚਨਾ-ਪੱਤਰ ਤੁਹਾਨੂੰ ਸੂਚਿਤ ਕਰਨ ਲਈ ਹੈ ਕਿ ਤੁਹਾਨੂੰ ਡੇਲਾਨੋ-ਅਰਲੀਮਾਰਟ ਸਿੰਚਾਈ ਜ਼ਿਲ੍ਹਾ ਧਰਤੀ ਹੇਠਲੇ ਪਾਣੀ ਦੀਰਘਕਾਲਕ ਏਜੰਸੀ (DEID GSA) ਜਾਂ ਕੇਰਨ-ਟੂਲਾਰੇ ਜਲ ਜ਼ਿਲ੍ਹਾ ਧਰਤੀ ਹੇਠਲੇ ਪਾਣੀ ਦੀਰਘਕਾਲਕ ਏਜੰਸੀ (Kern-Tulare GSA) ਰਾਹੀਂ ਕੱਢੇ ਗਏ ਧਰਤੀ ਹੇਠਲੇ ਪਾਣੀ ਲਈ ਰਾਜ ਜਲ ਬੋਰਡ ਨੂੰ ਰਿਪੋਰਟ ਕਰਨ ਜਾਂ ਫੀਸਾਂ ਦਾ ਭੁਗਤਾਨ ਕਰਨ ਦੀ ਲੋੜ ਨਹੀਂ ਹੈ ਜੇ ਤੁਸੀਂ ਧਰਤੀ ਹੇਠਲੇ ਪਾਣੀ ਨੂੰ ਕੱਢਣ ਦੌਰਾਨ, ਉਨ੍ਹਾਂ GSAs' ਦੀਆਂ ਧਰਤੀ ਹੇਠਲੇ ਪਾਣੀ ਦੇ ਪ੍ਰਬੰਧਨ ਦੀਆਂ ਕਾਰਵਾਈਆਂ ਦੇ ਅਧੀਨ ਹੋ ਅਤੇ ਉਨ੍ਹਾਂ ਦੀ ਪਾਲਣਾ ਕਰਦੇ ਹਨ।

**ਪਿਛੋਕੜ**
ਰਾਜ ਜਲ ਬੋਰਡ ਨੇ 17 ਸਤੰਬਰ, 2024 ਨੂੰ ਟੂਲੇ ਸਬਬੇਸਿਨ ਨੂੰ SGMA ਤਹਿਤ ਪ੍ਰੋਬੇਸ਼ਨਰੀ ਵਜੋਂ ਨਾਮਜ਼ਦ ਕੀਤਾ ਸੀ। ਰਾਜ ਜਲ ਬੋਰਡ ਅਜਿਹਾ ਉਦੋਂ ਹੀ ਕਰਦਾ ਹੈ ਜਦੋਂ ਧਰਤੀ ਹੇਠਲੇ ਪਾਣੀ ਨੂੰ ਲੰਬੇ ਸਮੇਂ ਲਈ ਬਚਾਉਣ ਦੇ ਪ੍ਰਬੰਧਨ ਦੀਆਂ ਸਥਾਨਕ ਕੋਸ਼ਿਸ਼ਾਂ ਅਸਫਲ ਹੋ ਰਹੀਆਂ ਹਨ। ਕੁਝ ਅਪਵਾਦਾਂ ਨੂੰ ਛੱਡ ਕੇ, ਜਿਹੜੇ ਲੋਕ ਪ੍ਰੋਬੇਸ਼ਨਰੀ ਸਬਬੇਸਿਨ ਵਿੱਚੋਂ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਦੇ ਹਨ, ਉਨ੍ਹਾਂ ਨੂੰ ਆਪਣੇ ਮਹੀਨਾਵਾਰ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਸੰਬੰਧੀ, ਟਰੈਕ ਕਰਨਾ ਚਾਹੀਦਾ ਹੈ, ਰਿਪੋਰਟਾਂ ਜਮ੍ਹਾਂ ਕਰਾਉਣੀਆਂ ਚਾਹੀਦੀਆਂ ਹਨ, ਅਤੇ ਹਰ ਸਾਲ ਰਾਜ ਜਲ ਬੋਰਡ ਨੂੰ ਫੀਸਾਂ ਦਾ ਭੁਗਤਾਨ ਕਰਨਾ ਚਾਹੀਦਾ ਹੈ ਜਦੋਂ ਕਿ ਸਬਬੇਸਿਨ ਪ੍ਰੋਬੇਸ਼ਨ ਅਧੀਨ ਹੁੰਦਾ ਹੈ।

**DEID GSA ਅਤੇ ਕੇਰਨ ਟੂਲਾਰੇ (Kern-Tulare) GSA ਨੂੰ ਰਿਪੋਰਟ ਕਰਨ ਅਤੇ ਫੀਸਾਂ ਦੇ ਭੁਗਤਾਨ ਦੀਆਂ ਸਰਤਾਂ ਨੂੰ ਹਟਾਉਣ ਸੰਬੰਧੀ**
SGMA ਰਾਜ ਜਲ ਬੋਰਡ ਨੂੰ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਸੰਬੰਧੀ ਰਿਪੋਰਟਾਂ ਅਤੇ ਫੀਸਾਂ ਦੀਆਂ ਸ਼ਰਤਾਂ ਨੂੰ ਹਟਾਉਣ ਦੀ ਆਗਿਆ ਦਿੰਦਾ ਹੈ, ਪਰ ਇਹ ਲਾਜ਼ਮੀ ਨਹੀਂ ਹੈ ਜੇ ਬੋਰਡ ਨੂੰ ਲੱਗਦਾ ਹੈ ਕਿ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਦਾ ਢੁਕਵਾਂ ਪ੍ਰਬੰਧਨ ਕੀਤਾ ਜਾ ਰਿਹਾ ਹੈ। ਰਾਜ ਜਲ ਬੋਰਡ ਨੇ ਪਾਇਆ ਕਿ DEID GSA ਅਤੇ ਕੇਰਨ-ਟੂਲਾਰੇ (Kern-Tulare) GSA, ਟੂਲੇ ਸਬਬੇਸਿਨ ਦੇ ਆਪਣੇ ਹਿੱਸਿਆਂ ਵਿੱਚ ਧਰਤੀ ਹੇਠਲੇ ਪਾਣੀ ਦਾ ਢੁਕਵਾਂ ਪ੍ਰਬੰਧਨ ਕਰ ਰਹੇ ਹਨ, ਇਸ ਲਈ ਇਸ ਨੇ ਉਨ੍ਹਾਂ ਖੇਤਰਾਂ ਤੋਂ ਧਰਤੀ ਹੇਠਲੇ ਪਾਣੀ ਨੂੰ ਕੱਢਣ ਲਈ ਰਿਪੋਰਟ ਕਰਨ ਅਤੇ ਫੀਸ ਦੇ ਭੁਗਤਾਨ ਦੀਆਂ ਸ਼ਰਤਾਂ ਨੂੰ ਹਟਾਇਆ ਹੈ ਜੋ ਉਨ੍ਹਾਂ GSAs' ਦੀਆਂ ਪ੍ਰਬੰਧਨ ਕਾਰਵਾਈਆਂ ਦੀ ਪਾਲਣਾ ਕਰਦੇ ਹਨ।

ਇਸ ਲਈ, ਜੇਕਰ ਤੁਸੀਂ ਧਰਤੀ ਹੇਠਲੇ ਪਾਣੀ ਨੂੰ ਕੱਢਣ ਦੌਰਾਨ ਇਹਨਾਂ ਦੀ ਪਾਲਣਾ ਕਰਦੇ ਹੋ:

(1) DEID GSA ਜਾਂ ਕੇਰਨ-ਟੂਲਾਰੇ (Kern-Tulare) GSA ਦੇ ਅੰਦਰ,

(2) DEID GSA ਜਾਂ ਕੇਰਨ-ਟੂਲਾਰੇ (Kern-Tulare) GSA ਦੀਆਂ ਪ੍ਰਬੰਧਨ ਕਾਰਵਾਈਆਂ ਦੇ ਅਧੀਨ,

ਅਤੇ

(3) ਉਨ੍ਹਾਂ ਪ੍ਰਬੰਧਨ ਕਾਰਵਾਈਆਂ ਦੀ ਪਾਲਣਾ ਕਰਨਾ,

ਤੁਹਾਨੂੰ ਧਰਤੀ ਹੇਠਲੇ ਪਾਣੀ ਨੂੰ ਕੱਢਣ ਦੀ ਰਿਪੋਰਟ ਕਰਨ ਜਾਂ ਫੀਸਾਂ ਦਾ ਭੁਗਤਾਨ, ਰਾਜ ਜਲ ਬੋਰਡ ਨੂੰ ਕਰਨ ਦੀ ਲੋੜ ਨਹੀਂ ਹੈ।

ਇਹ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਸੰਬੰਧੀ ਸ਼ਰਤਾਂ ਬਦਲ ਸਕਦੀਆਂ ਹਨ, ਅਤੇ ਇਹ ਸੰਭਵ ਹੈ ਕਿ ਤੁਹਾਨੂੰ ਭਵਿੱਖ ਵਿੱਚ ਧਰਤੀ ਹੇਠਲੇ ਪਾਣੀ ਨੂੰ ਕੱਢਣ ਦੀ ਰਿਪੋਰਟ ਕਰਨ ਅਤੇ ਸੰਬੰਧਿਤ ਫੀਸਾਂ ਦਾ ਭੁਗਤਾਨ ਕਰਨ ਦੀ ਲੋੜ ਪੈ ਸਕਦੀ ਹੈ। ਜੇ ਰਾਜ ਜਲ ਬੋਰਡ ਨੂੰ ਪਤਾ ਲੱਗਦਾ ਹੈ ਕਿ ਤੁਹਾਨੂੰ ਭਵਿੱਖ ਵਿੱਚ ਧਰਤੀ ਹੇਠਲੇ ਪਾਣੀ ਨੂੰ ਕੱਢਣ ਦੀ ਰਿਪੋਰਟ ਕਰਨ ਅਤੇ ਫੀਸਾਂ ਦਾ ਭੁਗਤਾਨ ਕਰਨ ਦੀ ਲੋੜ ਹੈ, ਤਾਂ ਤੁਹਾਨੂੰ ਡਾਕ ਰਾਹੀਂ ਅਗਾਊਂ ਸੂਚਿਤ ਕੀਤਾ ਜਾਵੇਗਾ।

ਜੇ ਤੁਹਾਨੂੰ ਇਹ ਪੁਸ਼ਟੀ ਕਰਨ ਦੀ ਲੋੜ ਹੈ ਕਿ ਕੀ ਤੁਸੀਂ ਉਹਨਾਂ ਦੀਆਂ ਪ੍ਰਬੰਧਨ ਕਾਰਵਾਈਆਂ ਦੇ ਅਧੀਨ ਹੋ ਅਤੇ ਉਨ੍ਹਾਂ ਕਾਰਵਾਈਆਂ ਦੀ ਪਾਲਣਾ ਕਰ ਰਹੇ ਹੋ ਤਾਂ ਕਿਰਪਾ ਕਰਕੇ DEID GSA ਜਾਂ ਕੇਰਨ ਟੂਲਾਰੇ (Kern-Tulare) GSA ਨਾਲ ਸੰਪਰਕ ਕਰੋ। ਤੁਸੀਂ ਇਹਨਾਂ GSAs ਵਾਸਤੇ ਸੰਪਰਕ ਜਾਣਕਾਰੀ ਇੱਥੇ ਲੱਭ ਸਕਦੇ ਹੋ: bit.ly/my-gsa

DEID GSA ਅਤੇ ਕੇਰਨ-ਟੂਲਾਰੇ (Kern-Tulare) GSA ਲਈ ਰਾਜ ਜਲ ਬੋਰਡ ਦੀ ਢੁਕਵੇਂ ਧਰਤੀ ਹੇਠਲੇ ਪਾਣੀ ਦੇ ਪ੍ਰਬੰਧਨ ਦੀ ਖੋਜ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਇੱਥੇ ਉਪਲਬਧ ਅੰਤਿਮ ਟੂਲੇ ਸਟਾਫ ਰਿਪੋਰਟ ਦੇਖੋ: bit.ly/tule-final-report

**ਹੋਰ ਜਾਣਕਾਰੀ**

ਇਹ ਸ਼ਰਤਾਂ ਨੂੰ ਹਟਾਉਣਾ, ਸਿਰਫ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਦੀਆਂ ਰਿਪੋਰਟਾਂ ਅਤੇ ਸੰਬੰਧਿਤ ਫੀਸਾਂ 'ਤੇ ਲਾਗੂ ਹੁੰਦਾ ਹੈ ਜੋ ਰਾਜ ਜਲ ਬੋਰਡ ਦੇ ਟੂਲੇ ਸਬਬੇਸਿਨ ਨੂੰ ਪ੍ਰੋਬੇਸ਼ਨਰੀ ਤੌਰ ‘ਤੇ ਨਾਮਜ਼ਦ ਕਰਨ ਦੇ ਨਤੀਜੇ ਵਜੋਂ ਲਾਗੂ ਕੀਤੀਆਂ ਜਾਂਦੀਆਂ ਹਨ। ਇਹ ਤੁਹਾਨੂੰ ਲਾਗੂ GSA ਰਿਪੋਰਟਿੰਗ ਅਤੇ ਫੀਸ ਦੇ ਭੁਗਤਾਨ ਦੀਆਂ ਲੋੜਾਂ ਤੋਂ ਬਾਹਰ ਨਹੀਂ ਰੱਖਦਾ। ਜੇਕਰ ਤੁਸੀਂ DEID GSA ਜਾਂ ਕੇਰਨ-ਟੂਲਾਰੇ (Kern-Tulare) GSA ਦੀਆਂ ਲਾਗੂ ਪ੍ਰਬੰਧਨ ਕਾਰਵਾਈਆਂ ਦੀ ਪਾਲਣਾ ਕਰਨ ਵਿੱਚ ਅਸਫਲ ਰਹਿੰਦੇ ਹੋ, ਜਿਸ ਵਿੱਚ ਪਾਣੀ ਦੀ ਵਰਤੋਂ ਦੀ ਰਿਪੋਰਟ ਕਰਨ ਜਾਂ ਉਨ੍ਹਾਂ GSAs ਨੂੰ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਦੀਆਂ ਫੀਸਾਂ ਦਾ ਭੁਗਤਾਨ ਕਰਨ ਦੀਆਂ ਲੋੜਾਂ ਸ਼ਾਮਲ ਹਨ, ਤਾਂ ਤੁਸੀਂ ਰਾਜ ਜਲ ਬੋਰਡ ਨੂੰ ਰਿਪੋਰਟ ਕਰਨ ਅਤੇ ਫੀਸਾਂ ਦੇ ਭੁਗਤਾਨ ਕਰਨ ਦੀਆਂ ਸ਼ਰਤਾਂ ਸੰਬੰਧੀ ਛੋਟ ਲੈਣ ਦੇ ਯੋਗ ਨਹੀਂ ਹੋਵੋਂਗੇ।

ਇਸ ਬਾਰੇ ਵਧੇਰੇ ਜਾਣਕਾਰੀ ਵਾਸਤੇ ਕਿ ਕੀ ਤੁਹਾਨੂੰ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਦੀ ਰਿਪੋਰਟ ਕਰਨ ਜਾਂ ਆਪਣੇ ਸਥਾਨਕ GSA ਨੂੰ ਸਬੰਧਿਤ ਫੀਸਾਂ ਦਾ ਭੁਗਤਾਨ ਕਰਨ ਦੀ ਲੋੜ ਹੈ, ਕਿਰਪਾ ਕਰਕੇ ਆਪਣੇ ਸਥਾਨਕ GSA ਨਾਲ ਸੰਪਰਕ ਕਰੋ। ਤੁਸੀਂ ਆਪਣੇ ਸਥਾਨਕ GSA ਬਾਰੇ ਸੰਪਰਕ ਜਾਣਕਾਰੀ ਇੱਥੋਂ ਪ੍ਰਾਪਤ ਕਰ ਸਕਦੇ ਹੋ: bit.ly/my-gsa

SGMA ਅਤੇ ਰਾਜ ਜਲ ਬੋਰਡ ਦੀ ਭੂਮਿਕਾ ਬਾਰੇ ਵਧੇਰੇ ਜਾਣਕਾਰੀ ਵਾਸਤੇ, ਕਿਰਪਾ ਕਰਕੇ ਸਾਡੀ SGMA ਵੈੱਬਸਾਈਟ ‘ਤੇ ਇੱਥੇ ਵੇਖੋ https://waterboards.ca.gov/sgma ਜਾਂ "ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਵਾਲਿਆਂ ਅਤੇ ਰਾਜ ਦੀ ਦਖਲਅੰਦਾਜ਼ੀ ਬਾਰੇ SGMA ਤਹਿਤ ਅਕਸਰ ਪੁੱਛੇ ਜਾਂਦੇ ਸਵਾਲਾਂ ਦਾ ਹਵਾਲਾ ਲੈਣ ਲਈ ਇੱਥੇ ਵੇਖੋ" bit.ly/SGMA-pumper-FAQ ਮੌਜੂਦਾ ਫੀਸ ਸ਼ਡਿਊਲ ਅਤੇ ਫੀਸ ਮੁਆਫੀ ਬਾਰੇ ਵਧੇਰੇ ਜਾਣਕਾਰੀ ਜੋ ਟੂਲੇ ਸਬਬੇਸਿਨ ਦੇ ਹੋਰ ਹਿੱਸਿਆਂ ਲਈ ਲਾਗੂ ਹੋਵੇਗੀ, ਰਾਜ ਜਲ ਬੋਰਡ ਦੀ ਵੈੱਬਸਾਈਟ 'ਤੇ ਦੇਖੀ ਜਾ ਸਕਦੀ ਹੈ: bit.ly/sgma-reporting

ਜੇ ਤੁਹਾਨੂੰ ਇਹ ਸੂਚਨਾ-ਪੱਤਰ ਮਿਲਿਆ ਹੈ ਅਤੇ ਟੂਲੇ ਸਬਬੇਸਿਨ ਵਿੱਚ ਤੁਹਾਡਾ ਕੋਈ ਖੂਹ ਨਹੀਂ ਹੈ, ਤਾਂ ਕਿਰਪਾ ਕਰਕੇ ਸਾਡੀ ਮੇਲਿੰਗ ਸੂਚੀ ਤੋਂ ਹਟਾਉਣ ਲਈ sgma@waterboards.ca.gov 'ਤੇ ਸਾਡੇ ਨਾਲ ਸੰਪਰਕ ਕਰੋ।

ਜੇ ਇਸ ਸੂਚਨਾ-ਪੱਤਰ ਵਿੱਚ ਦਿੱਤੀ ਕਿਸੇ ਵੀ ਜਾਣਕਾਰੀ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਰਾਜ ਜਲ ਬੋਰਡ ਦੇ ਅਮਲੇ ਨਾਲ sgma@waterboards.ca.gov 'ਤੇ ਈਮੇਲ ਰਾਹੀਂ ਜਾਂ **(916) 322-6508** 'ਤੇ ਫ਼ੋਨ ਰਾਹੀਂ ਸੰਪਰਕ ਕਰੋ।

SGMA ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਦੀ ਰਿਪੋਰਟ ਕਰਨ ਅਤੇ ਫੀਸ ਸੰਬੰਧੀ ਈਮੇਲ ਰਿਮਾਈਂਡਰ ਅਤੇ ਅਪਡੇਟਾਂ ਲਈ ਸਾਈਨ ਅੱਪ ਕਰੋ bit.ly/SWRCB-email-subscriptions (ਰਾਜ ਜਲ ਬੋਰਡ ਦੇ ਆਮ ਹਿੱਤਾਂ ਤਹਿਤ)।

**ਅਸੈਸਰਜ ਪਾਰਸਲ ਨੰਬਰ (Assessor’s Parcel Number(s)) (APN) ਇਹ ਸੂਚਨਾ-ਪੱਤਰ ਇਸ ਬਾਰੇ ਹੈ:**

[INSERT PARCEL #]